ਗੁਰੂ ਨਾਨਕ –ਸਬਦ ੧੫

ਆਖਿ ਆਖਿ ਮਨੁ ਵਾਵਣਾ ਜਿਉ ਜਿਉ ਜਾਪੈ ਵਾਇ ॥

ਰਾਗੁ ਸਿਰੀਰਾਗੁ, ਗੁਰੂ ਨਾਨਕ, ਗੁਰੂ ਗ੍ਰੰਥ ਸਾਹਿਬ, ੫੩

ਆਖਿ ਆਖਿ ਮਨੁ ਵਾਵਣਾ ਜਿਉ ਜਿਉ ਜਾਪੈ ਵਾਇ ॥
ਜਿਸ ਨੋ ਵਾਇ ਸੁਣਾਈਐ ਸੋ ਕੇਵਡੁ ਕਿਤੁ ਥਾਇ ॥
ਆਖਣ ਵਾਲੇ ਜੇਤੜੇ ਸਭਿ ਆਖਿ ਰਹੇ ਲਿਵ ਲਾਇ ॥੧॥
ਬਾਬਾ ਅਲਹੁ ਅਗਮ ਅਪਾਰੁ ॥
ਪਾਕੀ ਨਾਈ ਪਾਕ ਥਾਇ ਸਚਾ ਪਰਵਦਿਗਾਰੁ ॥੧॥ ਰਹਾਉ ॥
ਤੇਰਾ ਹੁਕਮੁ ਨ ਜਾਪੀ ਕੇਤੜਾ ਲਿਖਿ ਨ ਜਾਣੈ ਕੋਇ ॥
ਜੇ ਸਉ ਸਾਇਰ ਮੇਲੀਅਹਿ ਤਿਲੁ ਨ ਪੁਜਾਵਹਿ ਰੋਇ ॥
ਕੀਮਤਿ ਕਿਨੈ ਨ ਪਾਈਆ ਸਭਿ ਸੁਣਿ ਸੁਣਿ ਆਖਹਿ ਸੋਇ ॥੨॥
ਪੀਰ ਪੈਕਾਮਰ ਸਾਲਕ ਸਾਦਕ ਸੁਹਦੇ ਅਉਰੁ ਸਹੀਦ ॥
ਸੇਖ ਮਸਾਇਕ ਕਾਜੀ ਮੁਲਾ ਦਰਿ ਦਰਵੇਸ ਰਸੀਦ ॥
ਬਰਕਤਿ ਤਿਨ ਕਉ ਅਗਲੀ ਪੜਦੇ ਰਹਨਿ ਦਰੂਦ ॥੩॥
ਪੁਛਿ ਨ ਸਾਜੇ ਪੁਛਿ ਨ ਢਾਹੇ ਪੁਛਿ ਨ ਦੇਵੈ ਲੇਇ ॥
ਆਪਣੀ ਕੁਦਰਤਿ ਆਪੇ ਜਾਣੈ ਆਪੇ ਕਰਣੁ ਕਰੇਇ ॥
ਸਭਨਾ ਵੇਖੈ ਨਦਰਿ ਕਰਿ ਜੈ ਭਾਵੈ ਤੈ ਦੇਇ ॥੪॥
ਥਾਵਾ ਨਾਵ ਨ ਜਾਣੀਅਹਿ ਨਾਵਾ ਕੇਵਡੁ ਨਾਉ ॥
ਜਿਥੈ ਵਸੈ ਮੇਰਾ ਪਾਤਿਸਾਹੁ ਸੋ ਕੇਵਡੁ ਹੈ ਥਾਉ ॥
ਅੰਬੜਿ ਕੋਇ ਨ ਸਕਈ ਹਉ ਕਿਸ ਨੋ ਪੁਛਣਿ ਜਾਉ ॥੫॥
ਵਰਨਾ ਵਰਨ ਨ ਭਾਵਨੀ ਜੇ ਕਿਸੈ ਵਡਾ ਕਰੇਇ ॥
ਵਡੇ ਹਥਿ ਵਡਿਆਈਆ ਜੈ ਭਾਵੈ ਤੈ ਦੇਇ ॥
ਹੁਕਮਿ ਸਵਾਰੇ ਆਪਣੈ ਚਸਾ ਨ ਢਿਲ ਕਰੇਇ ॥੬॥
ਸਭੁ ਕੋ ਆਖੈ ਬਹੁਤੁ ਬਹੁਤੁ ਲੈਣੈ ਕੈ ਵੀਚਾਰਿ ॥

ਕੇਵਡੁ ਦਾਤਾ ਆਖੀਐ ਦੇ ਕੈ ਰਹਿਆ ਸੁਮਾਰਿ ॥
ਨਾਨਕ ਤੋਟਿ ਨ ਆਵਈ ਤੇਰੇ ਜੁਗਹ ਜੁਗਹ ਭੰਡਾਰ ॥੭॥੧॥

ਸਾਰ: ਮਨ ਜੋ ਦੁਹਰਾਉਂਦਾ ਹੈ, ਉਹ ਵਿਸ਼ਵਾਸ ਕਰਨਾ ਸ਼ੁਰੂ ਕਰ ਦਿੰਦਾ ਹੈ; ਜੋ ਮਹਿਸੂਸ ਕਰਦਾ ਹੈ, ਉਹ ਦੇਖਣਾ ਸ਼ੁਰੂ ਕਰ ਦਿੰਦਾ ਹੈ; ਅਤੇ ਜੋ ਇਹ ਸਮਝਦਾ ਹੈ, ਉਸਨੂੰ ਸੱਚ ਕਹਿੰਦਾ ਹੈ। ਹਰ ਵਿਚਾਰ ਜੋ ਅਸੀਂ ਪ੍ਰਗਟ ਕਰਦੇ ਹਾਂ, ਉਹ ਆਪਣੇ ਅਸਰ ਨੂੰ ਮਨ ਵਿਚ ਹੋਰ ਗਹਿਰਾ ਕਰ ਲੈਂਦਾ ਹੈ ਅਤੇ ਓਦੋਂ ਤੱਕ ਗੂੰਜਦਾ ਰਹਿੰਦਾ ਹੈ ਜਦੋਂ ਤੱਕ ਇਹ ਸਾਡੇ ਦੁਆਰਾ ਸੰਸਾਰ ਨੂੰ ਵੇਖਣ ਦੇ ਨਜ਼ਰੀਏ ਨੂੰ ਘੜ੍ਹ ਨਹੀਂ ਲੈਂਦਾ। ਸਾਡੀ ਧਾਰਨਾ ਨਿਰਪੱਖ ਨਹੀਂ ਹੈ; ਇਹ ਉਨ੍ਹਾਂ ਪ੍ਰਬੰਧਾਂ ਨੂੰ ਦਰਸਾਉਂਦੀ ਹੈ ਜਿਨ੍ਹਾਂ ਨੂੰ ਅਸੀਂ ਅੰਦਰ ਪਾਲਦੇ ਹਾਂ। ਉਦਾਹਰਣ ਵਜੋਂ, ਜੇਕਰ ਕੋਈ ਵਾਰ-ਵਾਰ ਸ਼ੁਕਰਗੁਜ਼ਾਰੀ ਪ੍ਰਗਟ ਕਰਦਾ ਹੈ, ਤਾਂ ਉਸਦਾ ਮਨ ਛੋਟੀਆਂ-ਛੋਟੀਆਂ ਦਾਤਾਂ ਵਿਚ ਵੀ ਬਖ਼ਸ਼ਿਸ਼ਾਂ ਨੂੰ ਧਿਆਨ ਵਿਚ ਰੱਖਣ ਲਈ ਤਿਆਰ ਹੋ ਜਾਂਦਾ ਹੈ। ਇਸਦੇ ਉਲਟ, ਜੇਕਰ ਕੋਈ ਲਗਾਤਾਰ ਸ਼ਿਕਵੇ-ਸ਼ਿਕਾਇਤਾਂ ਦੇ ਰਾਹ ਤੁਰਦਾ ਹੈ ਤਾਂ ਮਨ ਹਰ ਜਗ੍ਹਾ ਕਮੀਆਂ ਦੀ ਭਾਲ ਵਿਚ ਜੁਟ ਜਾਂਦਾ ਹੈ। ਇਸ ਤਰ੍ਹਾਂ, ਪੂਰਨ ਸਤਿ ਬਾਰੇ ਸੂਝ ਘੱਟ ਜਾਂਦੀ ਹੈ ਅਤੇ ਸਾਡੀਆਂ ਵਿਆਖਿਆਵਾਂ ਦੇ ਦਰਪਣ ਬਾਰੇ ਵਧੇਰੇ ਹੋ ਜਾਂਦੀ ਹੈ। ਸੁਚੇਤ ਤੌਰ 'ਤੇ ਆਪਣਿਆਂ ਇਰਾਦਿਆਂ ਦੀ ਚੋਣ ਕਰਕੇ, ਅਸੀਂ ਉਹ ਝਰੋਖਾ ਤਿਆਰ ਕਰ ਲੈਂਦੇ ਹਾਂ ਜਿਸ ਰਾਹੀਂ ਅਸੀਂ ਜੀਵਨ ਦਾ ਅਨੁਭਵ ਕਰਦੇ ਹਾਂ।

ਆਖਿ ਆਖਿ ਮਨੁ ਵਾਵਣਾ ਜਿਉ ਜਿਉ ਜਾਪੈ ਵਾਇ ॥
ਅਸੀਂ ਜੋ ਵੀ ਪ੍ਰਗਟ ਕਰਦੇ ਅਤੇ ਜਿਸ ਉਪਰ ਬਲ ਦਿੰਦੇ ਹਾਂ, ਉਹ ਵਿਚਾਰ ਮਨ ਵਿਚ ਗੂੰਜਦਾ ਹੈ, ਜੋ ਵੀ ਇਹ ਅਨੁਭਵ ਕਰਦਾ ਹੈ, ਉਸਨੂੰ ਪੇਸ਼ ਕਰਦਾ ਹੈ। ਇਹ ਪ੍ਰਗਟਾਵਾ ਦਰਸਾਉਂਦਾ ਹੈ ਕਿ ਸਾਡੀ ਸੂਝ ਸਾਡੀਆਂ ਵਿਆਖਿਆਵਾਂ ਅਤੇ ਸਮਰਥਨ ਦਾ ਪ੍ਰਤੀਬਿੰਬ ਹੈ।

ਜਿਸ ਨੋ ਵਾਇ ਸੁਣਾਈਐ ਸੋ ਕੇਵਡੁ ਕਿਤੁ ਥਾਇ ॥
ਅਸੀਂ ਕਿਸ ਬਾਰੇ ਆਪਣੀਆਂ ਧਾਰਨਾਵਾਂ ਪੇਸ਼ ਕਰਦੇ ਹਾਂ, ਇਹ ਕਿੰਨੀ ਵਿਸ਼ਾਲ ਹੈ, ਅਤੇ ਇਹ ਕਿੱਥੇ ਸਥਿਤ ਹੈ? ਇਸ ਤੱਥ ਨੂੰ ਉਜਾਗਰ ਕਰਦੇ ਹੋਏ, ਅਸੀਂ ਅਕਸਰ ਸਰਵ ਵਿਆਪਕ ਸਤਾ ਦੇ ਤੱਤਸਾਰ ਨੂੰ ਸਮਝੇ ਬਿਨਾਂ ਹੀ ਆਪਣੀ ਸ਼ਰਧਾ ਨੂੰ ਨਿਰਦੇਸ਼ਤ ਕਰਦੇ ਹਾਂ।

ਆਖਣ ਵਾਲੇ ਜੇਤੜੇ ਸਭਿ ਆਖਿ ਰਹੇ ਲਿਵ ਲਾਇ ॥੧॥

ਜੋ ਲੋਕ ਇਸ ਬਾਰੇ ਚਰਚਾ ਕਰਦੇ ਹਨ, ਉਹ ਅਕਸਰ ਇਸ 'ਤੇ ਵਿਚਾਰ ਕਰਦੇ ਸਮੇਂ ਚੁੱਪ ਹੋ ਜਾਂਦੇ ਹਨ, ਇਹ ਯਾਦ ਦਿਵਾਉਂਦਾ ਹੈ ਕਿ ਸਤਿ ਸਿਰਫ਼ ਇਕ ਪ੍ਰਗਟਾਵਾ ਨਹੀਂ ਹੈ, ਸਗੋਂ ਗੂੜ੍ਹ ਚਿੰਤਨ ਰਾਹੀਂ ਕੀਤੀ ਇਕ ਖੋਜ ਵੀ ਹੈ। (੧)

ਬਾਬਾ ਅਲਹੁ ਅਗਮ ਅਪਾਰੁ ॥

ਹੇ ਬਿਬੇਕੀ, ਸਰਬ-ਵਿਆਪੀ ਵਿਸ਼ਵ ਸਤਾ ਸਾਡੀ ਸੂਝ ਤੋਂ ਪਰੇ ਅਤੇ ਅਨੰਤ ਹੈ।

ਪਾਕੀ ਨਾਈ ਪਾਕ ਥਾਇ ਸਚਾ ਪਰਵਦਿਗਾਰੁ ॥੧॥ ਰਹਾਉ ॥

ਉਹ ਨਾਮ ਪਵਿੱਤਰਤਾ ਦਾ ਮੁਜਸਮਾ ਹੈ; ਉਹ ਸਥਾਨ ਪਵਿੱਤਰਤਾ ਬਿਖੇਰਦਾ ਹੈ, ਜਿੱਥੇ ਇਮਾਨ ਹੈ, ਕਿਉਂਕਿ ਇਹੀ ਸਾਡੇ ਤੱਤਸਾਰ ਦਾ ਪਾਲਣਹਾਰ ਹੈ। (੧)(ਠਹਿਰਾਉ)

ਤੇਰਾ ਹੁਕਮੁ ਨ ਜਾਪੀ ਕੇਤੜਾ ਲਿਖਿ ਨ ਜਾਣੈ ਕੋਇ ॥

ਕੁਦਰਤ ਦਾ ਵਿਧਾਨ ਕਿਸੇ ਦੀ ਵੀ ਬੌਧਿਕ ਸੂਝ ਤੋਂ ਪਰੇ ਹੈ; ਇਹ ਅਥਾਹ ਹੈ ਅਤੇ ਲਿਖਤ ਜਾਂ ਗਣਨਾ ਵਿਚ ਬੰਨਿਆ ਜਾ ਸਕਦਾ।

ਜੇ ਸਉ ਸਾਇਰ ਮੇਲੀਅਹਿ ਤਿਲੁ ਨ ਪੁਜਾਵਹਿ ਰੋਇ ॥

ਭਾਵੇਂ ਸੌ ਕਵੀ ਇਕੱਤਰ ਹੋ ਜਾਣ, ਉਹ ਇਸਦੇ ਤੱਤਸਾਰ ਦਾ ਇਕ ਤਿਲ ਮਾਤਰ ਵੀ ਅੰਸ਼ ਨਹੀਂ ਪਾ ਸਕਣਗੇ, ਜਿਸ ਨਾਲ ਉਹ ਨਿਰਾਸ਼ਾ ਦੀ ਸਥਿਤੀ ਵਿਚ ਪੈ ਜਾਣਗੇ।

ਕੀਮਤਿ ਕਿਨੈ ਨ ਪਾਈਆ ਸਭਿ ਸੁਣਿ ਸੁਣਿ ਆਖਹਿ ਸੋਇ ॥੨॥

ਕੋਈ ਵੀ ਤੱਤਸਾਰ ਨੂੰ ਸਮਝ ਨਹੀਂ ਸਕਿਆ; ਹਰ ਕੋਈ ਇਸ ਬਾਰੇ ਸੁਣਦਾ ਰਹਿੰਦਾ ਹੈ ਅਤੇ ਸੁਣੇ ਨੂੰ ਦੁਹਰਾਉਂਦਾ ਰਹਿੰਦਾ ਹੈ। (੨)

ਪੀਰ ਪੈਕਾਮਰ ਸਾਲਕ ਸਾਦਕ ਸੁਹਦੇ ਅਉਰੁ ਸਹੀਦ ॥

ਸੰਤ, ਪੈਗੰਬਰ, ਸਾਲਕ, ਸਾਧਕ, ਅਤੇ ਸ਼ਹੀਦ।

ਸੇਖ ਮਸਾਇਕ ਕਾਜੀ ਮੁਲਾ ਦਰਿ ਦਰਵੇਸ ਰਸੀਦ ॥

ਧਾਰਮਿਕ ਵਿਦਵਾਨ, ਰਹੱਸਵਾਦੀ, ਧਾਰਮਿਕ ਜੱਜ ਅਤੇ ਪੁਜਾਰੀ ਜਾਗਰੂਕਤਾ ਦੇ ਦਰ ਤੱਕ ਪਹੁੰਚਣ ਲਈ ਯਤਨਸ਼ੀਲ ਖੋਜੀ ਹਨ; ਇਸਦਾ ਅਰਥ ਹੈ ਕਿ ਸਾਰੇ ਰਾਹ ਅਭਿਲਾਖਾ ਦੇ ਚੁਰਾਹੇ ਆ ਇਕੱਠੇ ਹੋ ਜਾਂਦੇ ਹਨ, ਪਰ ਉਹ ਜਾਗਰੂਕਤਾ ਪ੍ਰਾਪਤ ਕਰਨ ਦੀ ਪੁਸ਼ਟੀ ਨਹੀਂ ਦਿੰਦੇ।

ਬਰਕਤਿ ਤਿਨ ਕਉ ਅਗਲੀ ਪੜਦੇ ਰਹਨਿ ਦਰੂਦ ॥੩॥

ਜੋ ਭਵਿੱਖ ਵਿਚ ਖੁਸ਼ਹਾਲੀ ਚਾਹੁੰਦੇ ਹਨ, ਉਹ ਰਸਮੀ ਪੂਜਾ ਪਧਤੀ ਦੇ ਉਚਾਰਨ ਵਿਚ ਰੁੱਝੇ ਰਹਿੰਦੇ ਹਨ। ਇਹ ਲੈਣ-ਦੇਣ ਉਪਰ ਕੇਂਦਰਿਤ ਸ਼ਰਧਾ ਦੀ ਆਲੋਚਨਾ ਦਾ ਪ੍ਰਤੀਕ ਹੈ, ਜੋ ਪਿਆਰ ਦੀ ਬਜਾਏ ਆਸ ਦੁਆਰਾ ਪ੍ਰੇਰਿਤ ਹੈ। (੩)

ਪੁਛਿ ਨ ਸਾਜੇ ਪੁਛਿ ਨ ਢਾਹੇ ਪੁਛਿ ਨ ਦੇਵੈ ਲੇਇ ॥

ਬਿਨਾਂ ਪੁੱਛੇ, ਇਹ ਸਿਰਜਦਾ ਹੈ; ਬਿਨਾਂ ਪੁੱਛੇ, ਇਹ ਨਸ਼ਟ ਕਰਦਾ ਹੈ। ਬਿਨਾਂ ਪੁੱਛੇ, ਇਹ ਦਿੰਦਾ ਹੈ ਜਾਂ ਲੈਂਦਾ ਹੈ। ਕੁਦਰਤ ਦੀ ਇਹ ਮੂਲ ਅੰਤਰੀਵੀ ਸ਼ਕਤੀ ਇਕ ਗੂੜ੍ਹ ਸੱਚਾਈ ਨੂੰ ਪ੍ਰਗਟ ਕਰਦੀ ਹੈ ਕਿ ਵਿਸ਼ਵਵਿਆਪੀ ਨਿਯਮ ਸਾਰੀਆਂ ਸੀਮਾਵਾਂ ਤੋਂ ਪਾਰ ਹਨ।

ਆਪਣੀ ਕੁਦਰਤਿ ਆਪੇ ਜਾਣੈ ਆਪੇ ਕਰਣੁ ਕਰੇਇ ॥

ਇਹ ਆਪਣੀ ਸਿਰਜਣਾ ਤੋਂ ਜਾਣੂ ਹੈ; ਇਹ ਆਪਣੇ ਆਪ ਨੂੰ ਸਿਰਜਦਾ ਅਤੇ ਰੂਪਮਾਨ ਕਰਦਾ ਹੈ। ਇਹ ਚੇਤਨਾ ਹੋਂਦ ਦੇ ਤੱਤਸਾਰ ਨੂੰ ਸਰਸ਼ਾਰ ਕਰਦੀ ਹੈ, ਜਿਸ ਦੇ ਅੰਦਰ ਕਾਰਨ, ਪ੍ਰਕਿਰਿਆ ਅਤੇ ਪ੍ਰਭਾਵ ਆਪਸ ਵਿਚ ਇਕਜੁਟ ਅਤੇ ਲਪੇਟੇ ਹੋਏ ਹਨ।

ਸਭਨਾ ਵੇਖੈ ਨਦਰਿ ਕਰਿ ਜੈ ਭਾਵੈ ਤੈ ਦੇਇ ॥੪॥

ਸਰਵ ਵਿਆਪਕ ਊਰਜਾ ਸਾਰੀ ਸ੍ਰਿਸ਼ਟੀ ਨੂੰ ਦਿਆਲਤਾ ਨਾਲ ਪਾਲਦੀ ਹੈ ਅਤੇ ਜੀਵਨ ਦੇ ਕੁਦਰਤੀ ਪ੍ਰਵਾਹ ਦੇ ਅਨੁਸਾਰ ਨਿਰਬਾਹ ਪ੍ਰਦਾਨ ਕਰਦੀ ਹੈ। (੪)

ਥਾਵਾ ਨਾਵ ਨ ਜਾਣੀਅਹਿ ਨਾਵਾ ਕੇਵਡੁ ਨਾਉ ॥

ਸਰਵ ਵਿਆਪਕ ਊਰਜਾ ਅਣਜਾਣ ਥਾਂ ਵਸਦੀ ਹੈ। ਇਸਦੇ ਅਨੇਕ ਨਾਵਾਂ ਵਿਚੋਂ, ਇਸ ਸਥਾਨ ਦਾ ਨਾਮ ਕੀ ਹੈ? ਇਹ ਸਵਾਲ ਇਸ ਊਰਜਾ ਦੀ ਮੂਲ ਏਕਤਾ ਨੂੰ ਉਜਾਗਰ ਕਰਦਾ ਹੈ, ਜੋ ਨਾਵਾਂ ਅਤੇ ਸਥਾਨਾਂ ਦੀਆਂ ਸੀਮਾਵਾਂ ਤੋਂ ਪਰੇ ਹੈ।

ਜਿਥੈ ਵਸੈ ਮੇਰਾ ਪਾਤਿਸਾਹੁ ਸੋ ਕੇਵਡੁ ਹੈ ਥਾਉ ॥

ਉਹ ਕਿਹੜਾ ਥਾਂ ਹੈ ਜਿੱਥੇ ਪ੍ਰਭੂਸੱਤਾ ਦਾ ਵਾਸਾ ਹੈ?

ਅੰਬੜਿ ਕੋਇ ਨ ਸਕਈ ਹਉ ਕਿਸ ਨੋ ਪੁਛਣਿ ਜਾਉ ॥੫॥

ਕੋਈ ਵੀ ਕਿਸੇ ਨਿਸ਼ਚਿਤ ਸਿੱਟੇ 'ਤੇ ਨਹੀਂ ਪਹੁੰਚਿਆ ਹੈ, ਇਸ ਲਈ ਮੈਂ ਕਿਸ ਨੂੰ ਪੁੱਛਾਂ? ਇਹ ਵਜ਼ਨਦਾਰ ਸਵਾਲ ਸਿਰਫ਼ ਬਾਹਰੀ ਸਰੋਤਾਂ 'ਤੇ ਨਿਰਭਰ ਕਰਨ ਦੀ ਬਜਾਏ ਆਤਮ-ਪੜਚੋਲ ਨੂੰ ਉਤਸ਼ਾਹਿਤ ਕਰਦਾ ਹੈ। (੫)

ਵਰਨਾ ਵਰਨ ਨ ਭਾਵਨੀ ਜੇ ਕਿਸੈ ਵਡਾ ਕਰੇਇ ॥

ਜਾਤ, ਵਰਗ, ਜਾਂ ਰੰਗ ਪ੍ਰਭਾਵਸ਼ਾਲੀ ਨਹੀਂ ਹੁੰਦੇ, ਭਾਵੇਂ ਇਹ ਕਿਸੇ ਨੂੰ ਉੱਤਮ ਮਹਿਸੂਸ ਕਰਵਾਉਂਦੇ ਹਨ। ਇਕ ਸਵਿਕਾਰਤਾ ਕਿ ਕਦਰਾਂ-ਕੀਮਤਾਂ ਕਿਸੇ ਦੇ ਕਰਮਾਂ ਅਤੇ ਚਰਿੱਤਰ ਵਿਚ ਨਹਿਤ ਹੁੰਦੀਆਂ ਹਨ ਨਾ ਕਿ ਭਰਮਮਈ ਉਪਾਧੀਆਂ ਵਿਚ।

ਵਡੇ ਹਥਿ ਵਡਿਆਈਆ ਜੈ ਭਾਵੈ ਤੈ ਦੇਇ ॥

ਮਹਾਨਤਾ ਸਰਵ ਵਿਆਪਕ ਸਤਾ ਦੀ ਅਨੰਤਤਾ ਦੇ ਹੱਥਾਂ ਵਿਚ ਹੈ; ਜੋ ਲੋਕ ਕੁਦਰਤ ਦੀ ਇਸ ਇੱਛਾ ਦਾ ਸਤਿਕਾਰ ਕਰਦੇ ਹਨ, ਉਹ ਇਸਦੀ ਮਹੱਤਤਾ ਦਾ ਤੱਤਸਾਰ ਪ੍ਰਾਪਤ ਕਰਦੇ ਹਨ।

ਹੁਕਮਿ ਸਵਾਰੇ ਆਪਣੈ ਚਸਾ ਨ ਢਿਲ ਕਰੇਇ ॥੬॥

ਕੁਦਰਤ ਦੀ ਇੱਛਾ ਨੂੰ ਕਲਾਵੇ ਵਿਚ ਲੈਂਦੇ ਹੋਏ ਉਹ ਆਪਣੇ ਆਪ ਨੂੰ ਇਸ ਨਾਲ ਇਕਸੁਰ ਕਰਦੇ ਹਨ; ਉਹ ਇਕ ਪਲ ਵੀ ਦੇਰੀ ਵਿਚ ਬਰਬਾਦ ਨਹੀਂ ਕਰਦੇ, ਇਹ ਉਹਨਾਂ ਲੋਕਾਂ ਦੀ ਉਦਾਹਰਣ ਹੈ ਜੋ ਕੁਦਰਤ ਨਾਲ ਚਲਦੇ ਹਨ, ਆਪਣੀ ਹੋਂਦ ਨੂੰ ਇਸ ਨਾਲ ਤੁਰੰਤ ਇਕਸੁਰ ਕਰਨ ਲਈ ਇਸਦਾ ਵਿਰੋਧ ਨਹੀਂ ਕਰਦੇ। (੬)

ਸਭੁ ਕੋ ਆਖੈ ਬਹੁਤੁ ਬਹੁਤੁ ਲੈਣੈ ਕੈ ਵੀਚਾਰਿ ॥

ਹਰ ਕੋਈ ਦਾਤੇ ਦੇ ਰੂਪ ਵਿਚ ਸਰਵ ਵਿਆਪਕ ਦੀ ਵਿਸ਼ਾਲਤਾ ਬਾਰੇ ਵਿਚਾਰ ਕਰਦਾ ਹੈ; ਉਹ ਅਜਿਹਾ ਦਾਤ ਪ੍ਰਾਪਤ ਕਰਨ ਦੀ ਮਨੋਕਾਮਨਾ ਅਤੇ ਇੱਛਾ ਕਾਰਣ ਕਰਦੇ ਹਨ, ਜੋ ਸ਼ਰਤਬੱਧ ਸ਼ਲਾਘਾ ਦੇ ਪਿੱਛੇ ਲੁਕੀ ਹੋਈ ਉਨ੍ਹਾਂ ਦੀ ਗਰਜ਼ਮਈ ਸੋਚ ਦੀ ਤਰਜ਼ਮਾਨੀ ਕਰਦੀ ਹੈ।

ਕੇਵਡੁ ਦਾਤਾ ਆਖੀਐ ਦੇ ਕੈ ਰਹਿਆ ਸੁਮਾਰਿ ॥

ਦੇਣ ਵਾਲਾ ਸਰੋਤ ਕਿੰਨਾ ਵਿਸ਼ਾਲ ਹੈ ਜੋ ਨਿਰੰਤਰ ਦਾਤਾਂ ਦੇ ਰਿਹਾ ਹੈ ਅਤੇ ਗਿਣਤੀ ਤੋਂ ਪਾਰ ਰਹਿੰਦਾ ਹੈ, ਕੁਦਰਤ ਦੇ ਅਨੰਤ ਸਰੋਤਾਂ ਦੀ ਸਵੀਕ੍ਰਿਤੀ, ਜੋ ਜੀਵਨ ਨੂੰ ਕਾਇਮ ਰੱਖ ਇਸ ਦਾ ਨਿਰਬਾਹ ਕਰਦੀ ਹੈ।

ਨਾਨਕ ਤੋਟਿ ਨ ਆਵਈ ਤੇਰੇ ਜੁਗਹ ਜੁਗਹ ਭੰਡਾਰ ॥੭॥੧॥

ਦੇਣ ਵਾਲਾ ਸਰੋਤ ਕਿੰਨਾ ਵਿਸ਼ਾਲ ਹੈ ਜੋ ਨਿਰੰਤਰ ਦਾਤਾਂ ਦੇ ਰਿਹਾ ਹੈ ਅਤੇ ਗਿਣਤੀ ਤੋਂ ਪਾਰ ਰਹਿੰਦਾ ਹੈ, ਕੁਦਰਤ ਦੇ ਅਨੰਤ ਸਰੋਤਾਂ ਦੀ ਸਵੀਕ੍ਰਿਤੀ, ਜੋ ਜੀਵਨ ਨੂੰ ਕਾਇਮ ਰੱਖ ਇਸ ਦਾ ਨਿਰਬਾਹ ਕਰਦੇ ਹਨ। (੭)(੧)

ਤੱਤ: ਗੁਰੂ ਨਾਨਕ ਕਹਿੰਦੇ ਹਨ ਕਿ ਪਵਿੱਤਰਤਾ ਬਾਹਰੀ ਸੰਕਲਪ ਤੋਂ ਵਧੇਰੇ ਹੈ; ਇਹ ਸ੍ਰਿਸ਼ਟੀ ਦੀ ਥਰਥਰਾਹਟ ਨੂੰ ਦਰਸਾਉਂਦੀ ਹੈ। ਦਿਆਨਤਦਾਰੀ ਵਿਲੱਖਣ ਨੂਰ ਪੈਦਾ ਕਰਦੀ ਹੈ ਜੋ ਛਲ ਕਪਟ ਤੋਂ ਅਛੂਤ ਰਹਿੰਦਾ ਹੈ। ਇਹ ਨਿਰਮਲਤਾ ਬਾਹਰੀ ਸਰੋਤਾਂ ਜਾਂ ਰਸਮਾਂ ਤੋਂ ਨਹੀਂ, ਸਗੋਂ ਅੰਤਰੀਵੀ ਸੱਚਾਈ ਅਤੇ ਆਤਮ-ਪੜਚੋਲ ਤੋਂ ਪੈਦਾ ਹੁੰਦੀ ਹੈ। ਸੋਚ ਅਤੇ ਇਰਾਦੇ ਦੀ ਇਹ ਅੰਤਰੀਵੀ ਨਿਰਮਲਤਾ ਸਾਡਾ ਨਿਰਬਾਹ ਕਰਦੀ ਹੈ, ਸਾਡੇ ਮਨਾਂ ਨੂੰ ਸਾਫ਼ ਅਤੇ ਸਥਿਰ ਰੱਖਦੀ ਹੈ। ਜਦੋਂ ਸਾਡੇ ਅੰਦਰ ਇਮਾਨਦਾਰੀ ਨਹਿਤ ਹੁੰਦੀ

ਹੈ, ਤਾਂ ਅਸੀਂ ਕੁਦਰਤੀ ਤੌਰ 'ਤੇ ਇਸ ਚਾਨਣ ਨੂੰ ਆਪਣੇ ਵਰਗ, ਰੁਤਬੇ ਜਾਂ ਲਿੰਗ ਦੀ ਪਰਵਾਹ ਕੀਤੇ ਬਿਨਾਂ ਆਪਣੇ ਅੰਦਰ ਰੁਸ਼ਨਾਉਂਦੇ ਹਾਂ। ਦਿਆਨਤਦਾਰੀ ਰਾਹੀਂ ਆਮ ਥਾਵਾਂ ਵੀ ਪਵਿੱਤਰ ਬਣ ਜਾਂਦੀਆਂ ਹਨ, ਜਦੋਂ ਕਿ ਛਲ-ਕਪਟ ਸਭ ਤੋਂ ਵੱਧ ਸਤਿਕਾਰਯੋਗ ਸਥਾਨਾਂ ਦੀ ਪਵਿੱਤਰਤਾ ਨੂੰ ਘਟਾ ਸਕਦਾ ਹੈ। ਸ਼ੁੱਧਤਾ ਅਤੇ ਇਮਾਨਦਾਰੀ ਨੂੰ ਕਲਾਵੇ ਵਿਚ ਲੈ ਅਸੀਂ ਉਸ ਤੱਤਸਾਰ ਨਾਲ ਜੁੜ ਜਾਂਦੇ ਹਾ ਜੋ ਸਾਰੇ ਜੀਵਨ ਨੂੰ ਕਾਇਮ ਰੱਖਦਾ ਹੈ ਅਤੇ ਸਾਨੂੰ ਸੱਚਮੁੱਚ ਵਧਣ-ਫੁੱਲਣ ਦਿੰਦਾ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**
ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**